


# ਕੈਨੇਡਾ ਵਿੱਚ ਕੋਰੋਨਾ ਵਾਈਰਸ ਵਿਰੁੱਧ ਜੰਗ ਲੜ ਰਹੇ ਲੋਕਾਂ ਨੂੰ ਸਲਾਮ ਕਰਨ ਲਈ ਉਡਾਇਆ ਗਿਆ ਜਹਾਜ ਕਰੈਸ਼



ਓਟਾਵਾ (ਕੈਨੇਡਾ) / ਬਿਊਰੋ

ਕੋਰੋਨਾ ਵਾਈਰਸ ਵਿਰੁੱਧ ਜੰਗ ਲੜ ਰਹੇ ਲੋਕਾਂ ਨੂੰ ਸਲਾਮ ਕਰਨ ਲਈ ਉਡਾਏ ਗਏ ਜੈੱਟ ਕੈਨੇਡਾ ਦੀ ਏਅਰ ਫੋਰਸ ਦਾ ਇਕ ਜਹਾਜ਼ ਰਿਹਾਇਸ਼ੀ ਖੇਤਰ ਵਿਚ ਕਰੈਸ਼ ਹੋ ਜਾਣ ਕਾਰਨ ਇਕ ਪਾਇਲਟ ਦੀ ਮੌਤ ਹੋ ਗਈ ਹੈ ਜਦਕਿ ਇਕ ਹੋਰ ਕਰੂ ਮੈਂਬਰ ਜ਼ਖਮੀ ਹੋ ਗਿਆ।

ਜਿਕਰਯੋਗ ਹੈ ਕਿ ਜਹਾਜ਼ ਉਡਾਣ ਭਰਨ ਦੇ ਕੁਝ ਦੇਰ ਬਾਅਦ ਹੀ ਕਰੈਸ਼ ਹੋ ਗਿਆ। ਮਾਮਲੇ ਵਿਚ ਰੋਇਲ ਕੈਨੇਡੀਅਨ ਏਅਰ ਫੋਰਸ ਨੇ ਕਿਹਾ ਕਿ ਸਾਨੂੰ ਇਹ ਦੱਸਦੇ ਹੋਏ ਦੁੱਖ ਹੋ ਰਿਹਾ ਹੈ ਕਿ ਅਸੀ ਸੀ.ਐੱਫ. ਸਨੋਬਰਡਜ਼ ਟੀਮ ਦਾ ਇਕ ਮੈਂਬਰ ਗਵਾ ਦਿੱਤਾ ਹੈ ਅਤੇ ਇਕ ਹੋਰ ਜ਼ਖਮੀ ਹੈ।

ਜ਼ਖਮੀ ਪਾਇਲਟ ਦੀ ਹਾਲਤ ਸਥਿਰ ਹੈ। ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ 2 ਜਹਾਜ਼ ਹਵਾ ਵਿਚ ਜਿਵੇਂ ਹੀ ਉਡਾਣ ਭਰਦੇ ਹਨ ਉਦੋਂ ਇਕ ਜਹਾਜ਼ ਵਿਚ ਅੱਗ ਲੱਗ ਜਾਂਦੀ ਹੈ ਅਤੇ ਉਹ ਕਰੈਸ਼ ਹੋ ਜਾਂਦਾ ਹੈ। ਘਟਨਾ ਨੂੰ ਆਪਣੀ ਅੱਖੀ ਦੇਖਣ ਵਾਲੀ ਏਨੀਟੀ ਨੇ ਕਿਹਾ ਕਿ ਇਕ ਜਹਾਜ਼ ਉੱਡਦਾ ਜਾ ਰਿਹਾ ਸੀ ਅਤੇ ਦੂਜਾ ਦੋ ਹਿੱਸਿਆਂ ਵਿਚ ਤਬਦੀਲ ਹੋ ਗਿਆ। ਉਸ ਵਿਚੋਂ ਧੂੰਆਂ ਨਿਕਲ ਰਿਹਾ ਸੀ ਅਤੇ ਇਹ ਇਕ ਅੱਗ ਦੇ ਗੋਲੇ ਵਰਗਾ ਲੱਗ ਰਿਹਾ ਸੀ।

ਇਕ ਹੋਰ ਸ਼ਖਸ ਨੇ ਕਿਹਾ ਕਿ ਮੈਂ ਇਹ ਨਜ਼ਾਰਾ ਦੇਖਦੇ ਹੀ ਉੱਥੋ ਭੱਜਣਾ ਸ਼ੁਰੂ ਕਰ ਦਿੱਤਾ। ਜਹਾਜ਼ ਇਕ ਘਰ ਨਾਲ ਜਾ ਟਕਰਾਇਆ। ਇਸ ਮਗਰੋਂ ਲੋਕ ਅੱਗ ਬੁਝਾਉਣ ਦੀ ਕੋਸ਼ਿਸ਼ ਕਰ ਰਹੇ ਸਨ। ਭਾਵੇਂ ਕਿ ਇਕ ਸਥਾਨਕ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਜਹਾਜ਼ ਗਲੀ ਵਿਚ ਆ ਕੇ ਕਰੈਸ਼ ਹੋਇਆ ਅਤੇ ਇਕ ਘਰ ਦੀ ਖਿੜਕੀ ਵਾਲ ਜਾ ਟਕਰਾਇਆ। ਇਸ ਘਟਨਾ ਦੀਆਂ ਕਈ ਤਸਵੀਰਾਂ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ।

# ਪਾਕਿਸਤਾਨ ਦੇ ਵਿਅਕਤੀ ਨੇ ਲੰਡਨ ਦੇ ਗੁਰਦੁਆਰਾ ਸਾਹਿਬ 'ਚ ਕੀਤੀ ਤੋੜਭੰਨ, ਇੰਗਲੈਂਡ ਦੀ ਪੁਲਿਸ ਨੇ ਕੀਤਾ ਗ੍ਰਿਫ਼ਤਾਰ

ਲੰਡਨ/ ਧੰਨਵਾਦ ਸਹਿਤ: ਏਜੰਸੀ

ਪਾਕਿ ਮੂਲ ਦੇ ਇਕ ਵਿਅਕਤੀ ਨੇ ਇੰਗਲੈਂਡ ਦੇ ਡਰਬੀ 'ਚ ਇਕ ਗੁਰਦੁਆਰਾ ਸਾਹਿਬ 'ਚ ਤੋੜਭੰਨ ਦੀ ਘਟਨਾ ਨੂੰ ਅੰਜਾਮ ਦਿੱਤਾ। ਇਸ ਵਿਅਕਤੀ ਨੇ ਗੁਰਦੁਆਰੇ 'ਚ ਕਾਫ਼ੀ ਹੰਗਾਮਾ ਕੀਤਾ। ਇਸ ਸ਼ਖ਼ਸ ਨੇ ਆਪਣੇ ਇਕ ਨੋਟ 'ਚ ਕਸ਼ਮੀਰ ਦਾ ਜ਼ਿਕਰ ਕੀਤਾ ਹੈ। ਇਸ ਘਟਨਾ ਦੀ ਇਕ ਵੀਡੀਓ ਵੀ ਵਾਇਰਲ ਹੋਈ ਹੈ। ਵੀਡੀਓ 'ਚ ਉਹ ਸ਼ਖ਼ਸ ਤੋੜਭੰਨ ਦੀ ਘਟਨਾ ਨੂੰ ਅੰਜਾਮ ਦੇ ਰਿਹਾ ਹੈ। ਗੁਰਦੁਆਰੇ ਦੀਆਂ ਖਿੜਕੀਆਂ ਤੇ ਦਰਵਾਜ਼ਿਆਂ ਦੇ ਟੁੱਟੇ ਹੋਏ ਸ਼ੀਸ਼ੇ ਫਰਸ਼ 'ਤੇ ਖਿੰਡੇ ਪਏ ਹਨ। ਫਿਲਹਾਲ ਮੌਕੇ 'ਤੇ ਪਹੁੰਚੀ ਡਰਬੀ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੁਲਿਸ ਉਨ੍ਹਾਂ ਤੋਂ ਪੁੱਛਗਿੱਛ ਕਰ ਰਹੀ ਹੈ। ਡਰਬੀ ਪੁਲਿਸ ਇਹ ਵੀ ਤਹਿਕੀਕਾਤ ਕਰ ਰਹੀ ਹੈ ਕਿ ਕਿਤੇ ਉਸ ਦੇ ਸਬੰਧ ਕਸ਼ਮੀਰ ਨਾਲ ਜੁੜੇ ਕਿਸੇ ਅੱਤਵਾਦੀ ਸੰਗਠਨ ਨਾਲ ਤਾਂ ਨਹੀਂ ਹਨ।

**ਲੇਬਰ ਪਾਰਟੀ ਦੀ ਐੱਮਪੀ ਪ੍ਰੀਤ ਕੌਰ ਗਿੱਲ ਨੇ ਘਟਨਾ 'ਤੇ ਪ੍ਰਗਟਾਇਆ ਦੁੱਖ:** ਇਸ ਘਟਨਾ ਦੀ ਬ੍ਰਿਟੇਨ ਤੇ ਭਾਰਤ ਦੋਵਾਂ ਨੇ ਨਿੰਦਾ ਕੀਤੀ ਹੈ। ਬ੍ਰਿਟੇਨ 'ਚ ਲੇਬਰ ਪਾਰਟੀ ਦੀ ਐੱਮਪੀ ਪ੍ਰੀਤ ਕੌਰ ਗਿੱਲ ਨੇ ਇਸ ਘਟਨਾ 'ਤੇ ਦੁੱਖ ਪ੍ਰਗਟਾਉਂਦਿਆਂ ਕਿਹਾ ਕਿ ਕਿਸੇ ਵੀ ਧਾਰਮਿਕ ਸਥਾਨ 'ਤੇ ਹਮਲਾ ਦੁਖਦਾਈ ਹੈ। ਇਸ ਘਟਨਾ ਨਾਲ ਮਨ ਨੂੰ ਠੇਸ ਪੁੱਜੀ ਹੈ। ਉਨ੍ਹਾਂ ਕਿਹਾ ਕਿ ਉਹ ਸੰਗਤ ਦੇ ਨਾਲ ਹਨ। ਕੋਰੋਨਾ ਮਹਾਮਾਰੀ ਦੌਰਾਨ ਇਹ ਗੁਰਦੁਆਰਾ ਰੋਜ਼ਾਨਾ 500 ਲੋਕਾਂ ਨੂੰ ਭੋਜਨ ਮੁਹੱਈਆ ਕਰਵਾ ਰਿਹਾ ਹੈ। ਕੌਰ ਨੇ ਇਸ ਦੀ ਤਾਰੀਫ਼ ਕੀਤੀ।

**ਪੰਜਾਬ ਦੇ ਮੁੱਖ ਮੰਤਰੀ ਨੇ ਟਵੀਟ ਕੀਤਾ- ਇਹ ਖ਼ਬਰ ਦੁਖਦ-ਾਈ ਤੇ ਹੈਰਾਨ ਕਰਨ ਵਾਲੀ:** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਬ੍ਰਿਟੇਨ 'ਚ ਹੋਈ ਇਸ ਘਟਨਾ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ। ਉਨ੍ਹਾਂ ਕਿਹਾ ਕਿ ਇਹ ਖ਼ਬਰ ਦੁਖਦ ਤੇ ਹੈਰਾਨ ਕਰਨ ਵਾਲੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਜੇਕਰ ਦੁਨੀਆ 'ਚ ਮਨੁੱਖਤਾ ਨੂੰ ਜੀਵਤ ਰੱਖਣਾ ਹੈ ਤਾਂ ਸਮਾਜ 'ਚ ਅਜਿਹੀ ਅਸਹਿਣਸ਼ੀਲਤਾ ਤੇ ਨਫ਼ਰਤ ਨੂੰ ਖ਼ਤਮ ਕਰਨਾ ਚਾਹੀਦਾ ਹੈ। ਉਨ੍ਹਾਂ ਇਕ ਟਵੀਟ 'ਚ ਕਿਹਾ ਕਿ 'ਪਾਕਿ ਮੂਲ ਦੇ ਇਕ ਵਿਅਕਤੀ ਵੱਲੋਂ ਡਰਬੀ ਦੇ ਅਰਜਨ ਦੇਵ ਗੁਰਦੁਆਰੇ 'ਚੇ ਹੰਗਾਮਾ ਤੇ ਭੰਨਤੋੜ ਦੀ ਘਟਨਾ ਨਿੰਦਣਯੋਗ ਹੈ। ਖਾਸਕਰ ਉਦੋਂ ਜਦੋਂ ਪੂਰੀ ਦੁਨੀਆ ਕੋਰੋਨਾ ਮਹਾਮਾਰੀ ਦੇ ਸੰਕਟ ਨਾਲ ਜੂਝ ਰਹੀ ਹੈ।'




# ਅਮਰੀਕਾ ਤੋਂ ਭਾਰਤ ਆਉਣ ਨੂੰ ਤਿਆਰ 25,000 ਭਾਰਤੀ

ਵਾਸ਼ਿੰਗਟਨ/ ਧੰਨਵਾਦ ਸਹਿਤ: ਏਜੰਸੀ




ਕੋਰੋਨਾ ਮਹਾਮਾਰੀ ਕਾਰਨ ਅਮਰੀਕਾ ਵਿਚ ਫਸੇ ਭਾਰਤੀ ਪਰਿਵਾਰਾਂ ਲਈ ਇਹ ਖ਼ਬਰ ਰਾਹਤ ਭਰੀ ਹੋ ਸਕਦੀ ਹੈ। ਅਮਰੀਕਾ ਵਿਚ ਭਾਰਤੀ ਰਾਜਦੂਤ ਤਰਨਜੀਤ ਸਿੰਧ ਸੰਧੂ ਨੇ ਦੱਸਿਆ ਕਿ 25,000 ਭਾਰਤੀਆਂ ਨੂੰ ਦੇਸ਼ ਵਾਪਸੀ ਲਈ ਉਡਾਣਾਂ ਲਈ ਰਜਿਸਟਰਡ ਕੀਤਾ ਗਿਆ ਹੈ। ਉਹ ਜਲਦ ਹੀ ਆਪਣੇ ਦੇਸ਼ ਪਰਤ ਸਕਣਗੇ। ਉਨ੍ਹਾਂ ਕਿਹਾ ਕਿ ਅਮਰੀਕਾ ਤੋਂ ਜਾਣ ਦੇ ਇਛੁੱਕ ਭਾਰਤੀ ਨਾਗਰਿਕਾਂ ਨੂੰ ਇਥੋਂ ਭੇਜਣ ਦਾ ਕੰਮ ਜਾਰੀ ਰਹੇਗਾ।

ਇਕ ਵਿਸ਼ੇਸ਼ ਇੰਟਰਵਿਊ ਵਿਚ ਸੰਧੂ ਨੇ ਕਿਹਾ ਕਿ ਪਹਿਲੇ ਪੜਾਅ ਵਿਚ 7 ਉਡਾਣਾਂ ਟੇਕ-ਆਫ ਕਰਨਗੀਆਂ। ਇਸ ਸਬੰਧੀ ਭਾਰਤ ਜਾਣ ਦੀ ਇੱਛਾ ਰੱਖਣ ਵਾਲੇ ਭਾਰਤੀ ਨਾਗਰਿਕਾਂ ਲਈ ਕਈ ਗੱਲਾਂ ਮਾਇਨੇ ਰੱਖਦੀਆਂ ਹਨ ਕਿ ਇਛੁੱਕ ਨਾਗਰਿਕਾਂ ਦੀ ਸਥਾਨਕ ਸਥਿਤੀ ਕੀ ਹੈ? ਉਸ ਦੀ ਮੈਡੀਕਲ ਰਿਪੋਰਟ ਦੇ ਕੀ ਨਤੀਜੇ ਆਉਂਦੇ ਹਨ? ਇਸੇ ਆਧਾਰ 'ਤੇ ਅਸੀਂ ਪ੍ਰੋਗਰਾਮ ਨੂੰ ਅੱਗੇ ਵਧਾਵਾਂਗੇ। ਪਹਿਲੀ ਉਡਾਣ ਸੈਨ ਫ੍ਰਾਂਸਿਸਕੋ ਤੋਂ ਮੁੰਬਈ ਅਤੇ ਹੈਦਰਾਬਾਦ ਲਈ ਹੋਵੇਗੀ।

ਅਮਰੀਕਾ 'ਚ ਭਾਰਤੀ ਡਿਪਲੋਮੈਟ ਤਰਨਜੀਤ ਸਿੰਘ ਸੰਧੂ ਨੇ ਕਿਹਾ ਕਿ ਕੋਰੋਨਾ ਵਾਇਰਸ ਸੰਕਟ ਨੇ ਅਮਰੀਕਾ ਨੂੰ ਦਿਖਾਇਆ ਕਿ ਅਜਿਹੇ ਸਮੇਂ 'ਚ ਦੁਨੀਆ 'ਚ ਭਾਰਤ ਤੋਂ ਵੱਡਾ ਭਾਈਵਾਲ ਕੋਈ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਅਜੇ ਦੋਵੇਂ ਦੇਸ਼ ਘੱਟੋ-ਘੱਟ 3 ਵੈਕਸੀਨ 'ਤੇ ਕੰਮ ਕਰ ਰਹੇ ਹਨ। ਇੰਡੀਅਨ ਕਾਉਂਸਿਲ ਆਫ ਮੈਡੀਕਲ ਰਿਸਰਚ ਅਤੇ ਅਮਰੀਕਾ ਦੀ ਸੀ.ਡੀ.ਸੀ. ਅਤੇ ਐਨ.ਆਈ.ਐਚ. ਕਈ ਸਾਲਾਂ ਤੋਂ ਮਿਲ ਕੇ ਕੰਮ ਕਰ ਰਹੀਆਂ ਹਨ।

## ਕਾਲੇ ਲੋਕਾਂ ਖਿਲਾਫ ਨਸਲੀ ਵਿਤਕਰਾ ਖਤਮ ਕਰਨ ਦੀ ਲੋੜ -ਟਰੂਡੋ

ਉਨਟਾਰੀਓ/ ਮਨਜੀਤ ਸਿੰਘ ਸਰਾਂ



ਕਨੈਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਲੋਕਾਂ ਤੇ ਮੀਡੀਆ ਨੂੰ ਸੰਬੋਧਨ ਕਰਦੇ ਕਿਹਾ ਕਿ ਅੱਜ ਕਾਲੇ ਲੋਕਾਂ ਦੇ ਖਿਲਾਫ ਇੱਕ ਨਸਲੀ ਵਿਤਕਰਾ ਖੜਾ ਕੀਤਾ ਜਾ ਰਿਹਾ ਹੈ ਜੋ ਕਿ ਬੁਹਤ ਹੀ ਚਿੰਤਕ ਵਿਸ਼ਾ ਹੈ। ਪ੍ਰਧਾਨ ਮੰਤਰੀ ਨੇ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਚ ਹੁਣੇ ਹੁਣੇ ਹੋਏ ਨਸਲੀ ਵਿਤਕਰਿਆਂ ਬਾਰੇ ਚਿੰਤਾ ਜਾਹਿਰ ਕਰਦਿਆਂ ਕਿਹਾ ਕਿ ਇੱਕ ਫਿਰਕੇ ਦੇ ਖਿਲਾਫ ਨਫਰਤ ਦਾ ਮਹੌਲ ਪੈਦਾ ਕਰਨਾ ਬੜਾ ਹੀ ਮਾੜਾ ਰੁਝਾਨ ਹੈ।

ਟਰੂਡੋ ਨੇ ਕਿਹਾ ਕਿ ਇਸ ਵਿਰੋਧ ਦਾ ਵਿਖਾਵਾ ਕਨੈਡਾ ਚ ਵੀ ਕਈ ਥਾਵਾਂ ਤੇ ਕੀਤਾ ਗਿਆ ਹੈ ਜੋ ਕਿ ਇੱਕ ਬੁਹਤ ਹੀ ਮਾੜਾ ਰੁਝਾਨ ਹੈ। ਉਨਾਂ ਨੇ ਕਨੈਡਾ ਵਾਸੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਕਨੈਡਾ ਇੱਕ ਅਮਨ ਪਸੰਦ ਦੇਸ਼ ਹੈ ਤੇ ਇੱਥੇ ਹਰੇਕ ਨੂੰ ਆਪਣਾ ਹੱਕ ਰੱਖਣ ਦਾ ਅਧਿਕਾਰ ਹੈ। ਟਰੂਡੋ ਨੇ ਆਪਣੇ ਦੇਸ਼ ਦੇ ਯੂਥ ਵਰਗ ਨੂੰ ਅਪੀਲ ਕੀਤੀ ਕਿ ਕਾਲੇ ਲੋਕਾਂ ਦੇ ਖਿਲਾਫ ਫੈਲਾਈ ਜਾ ਰਹੀ ਨਫਰਤ ਨੂੰ ਰੋਕਣਾ ਚਾਹੀਦਾ ਹੈ ਕਿਉਕਿ ਉਹ ਵੀ ਕਨੈਡਾ ਦੇ ਬਰਾਬਰ ਦੇ ਸ਼ਹਿਰੀ ਹਨ।

## ਪੰਜਾਬੀ ਲੋਕ ਹਰ ਔਖੇ ਸਮੇਂ ਪੀੜਤਾਂ ਦੀ ਮਦੱਦ ਲਈ ਹਮੇਸ਼ਾਂ ਮੋਹਰੀ ਰਹਿੰਦੇ ਹਨ -ਪੈਟਰਿਕ ਬਰਾਊਨ




ਬਰੈਂਪਟਨ/ ਮਨਜੀਤ ਸਿੰਘ ਸਰਾਂ

720 ਨਾਰਥ ਪਾਰਕ ਡਰਾਈਵ ਬਰੈਂਪਟਨ 'ਚ ਕਰੋਨਾ ਪੀੜਤ ਲੋਕਾਂ ਦੀ ਮਦੱਦ ਲਈ ਪੰਜਾਬੀ ਫੂਡ ਸੇਵਾ ਸੁਸਾਇਟੀ ਬਰੈਂਪਟਨ ਵੱਲੋ ਪਿਛਲੇ ਦੋ ਮਹੀਨਿਆਂ ਤੋਂ ਵੱਧ ਸਮੇ ਚ ਲੋਕਾਂ ਦੀ ਨਿਰ ਸਵਾਰਥ ਸੇਵਾ ਕੀਤੀ ਜਾ ਰਹੀ ਹੈ। ਜਿਸ 'ਚ ਖਾਣ ਪੀਣ ਦਾ ਰਾਸ਼ਨ, ਮਾਸਿਕ, ਸੈਨਟਾਈਜਰ, ਦਸਤਾਨੇ ਤੇ ਹਰ ਤਰਾਂ ਦੀ ਜਰੂਰਤ ਨੂੰ ਖੁੱਲੇ ਦਿਲ ਨਾਲ ਪੂਰਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ।

ਇਸ ਸੇਵਾ ਦਾ ਫਾਇਦਾ ਹਰ ਕੋਈ ਉਠਾ ਸਕਦਾ ਹੈ। ਚਾਹੇ ਸਟੂਡੈਂਟ ਵਰਗ ਹੋਵੇ, ਚਾਹੇ ਵਿਜਟਰ ਜਾਂ ਕੋਈ ਵੀ ਹੋਵੇ। ਇਸ ਸਮੇ ਸੰਸਥਾ ਦੇ ਪ੍ਰਬੰਧਿਕ ਜਗਰਾਜ ਸਿੱਧੂ ਤੇ ਗੋਲੂ ਅਯਾਲੀ ਨੇ ਦੱਸਿਆ ਕਿ ਬੁਹਤ ਸਾਰੇ ਲੋਕ ਜਰੂਰਤ ਮੰਦਾਂ ਲਈ ਦਿਲ ਖੋਲ ਕੇ ਦਾਨ ਕਰਦੇ ਹਨ ਅਤੇ ਇਸ ਸੇਵਾ ਦੌਰਾਨ ਕਿਸੇ ਨਾਲ ਕੋਈ ਭੇਦ ਭਾਵ ਨਹੀ ਕੀਤਾ ਜਾਂਦਾ। ਕੋਈ ਵੀ ਲੋੜਵੰਦ ਕਿਸੇ ਵੀ ਸਮੇ ਇਸ ਦਾ ਫਾਇਦਾ ਉਠਾ ਸਕਦਾ ਹੈ।

ਬਰੈਂਪਟਨ ਦੇ ਮੇਅਰ ਪੈਟਰਿਕ ਬਰਾਊਨ ਨੇ ਇਸ ਸੰਸਥਾ ਦੀ ਸ਼ਲਾਘਾ ਕਰਦੇ ਕਿਹਾ ਕਿ ਪੰਜਾਬੀ ਲੋਕਾਂ ਦੀ ਸੇਵਾ ਭਾਵਨਾ ਵਾਲੇ ਜਜਬੇ ਦੀ ਮੈਂ ਕਦਰ ਕਰਦਾ ਹਾਂ। ਇਹ ਕਿਸੇ ਵੀ ਮੁਸੀਬਤ ਸਮੇ ਹਮੇਸ਼ਾਂ ਪੀੜਤਾਂ ਦੀ ਸੇਵਾ ਲਈ ਤਿਆਰ ਰਹਿੰਦੇ ਹਨ। ਇਸ ਸਮੇਂ ਗੁਰਪ੍ਰੀਤ ਸਿੰਘ ਢਿੱਲੋਂ ਰਿਜੀਨਲ ਕੌਸਲਰ ਤੇ ਗਰੁਕੀਰਤ ਸਿੰਘ ਸਿਟੀ ਕੌਸਲਰ ਵੀ ਹਾਜਰ ਹੋਏ।

ਇਸ ਸਮੇ ਸ. ਟਹਿਲ ਸਿੰਘ ਬਰਾੜ ਨੇ ਮੇਅਰ ਪੈਟਰਿਕ ਬਰਾਊਨ, ਕੌਸਲਰ, ਮੀਡੀਆ ਅਤੇ ਸਮੂਹ ਪ੍ਰਬੰਧਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਵਾਹਿਗੁਰੂ ਸਭ ਨੂੰ ਚੜਦੀ ਕਲਾ ਚ ਰੱਖਣ ਤੇ ਭਿਆਨਕ ਮਹਾਂਮਾਰੀ ਤੋਂ ਛੁਟਕਾਰਾ ਦੁਆਉਣ। ਸ. ਬਰਾੜ ਨੇ ਕਿਹਾ ਕਿ ਹਰ ਜਰੂਰਤਮੰਦ ਬੇਝਿਜਕ ਹੋ ਕੇ ਆਵੇ ਤੇ ਗੁਰੂ ਕੇ ਲੰਗਰਾਂ ਦਾ ਫਾਇਦਾ ਉਠਾਵੇ।

## ਬਰੈਂਪਟਨ ਨਜ਼ਦੀਕ ਦੋ ਟਰੱਕਾਂ ਦੀ ਆਹਮੋ-ਸਾਹਮਣੀ ਹੋਈ ਜ਼ਬਰਦਸਤ ਟੱਕਰ ਵਿੱਚ ਮਾਪਿਆਂ ਦੇ ਇਕਲੌਤੇ ਪੁੱਤ ਦੀ ਮੌਤ

ਬਰੈਂਪਟਨ (ਟਰਾਂਟੋ)/ ਗੁਰਜੰਟ ਸਿੰਘ



ਕੈਨੇਡਾ ਰੋਜ਼ੀ ਰੋਟੀ ਕਮਾਉਣ ਲਈ ਗਏ ਭਿੰਡੀ ਸੈਦਾਂ ਦੇ ਨੌਜਵਾਨ ਦੀ ਮੌਤ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਮੁਤਾਬਕ ਕੈਨੇਡਾ ਦੇ ਸ਼ਹਿਰ ਟਰਾਂਟੋ 'ਚ ਟਰੱਕ ਡਰਾਵਿਰੀ ਕਰਦਾ ਇਹ ਨੋਜਵਾਨ ਸੰਗਮਪ੍ਰੀਤ ਸਿੰਘ ਗਿੱਲ (24) ਪੁੱਤਰ ਹਰਪਾਲ ਸਿੰਘ ਕਸਬਾ ਭਿੰਡੀ ਸੈਦਾਂ ਦੇ ਰਹਿਣ ਵਾਲਾ ਸੀ।

ਸੰਗਮਪ੍ਰੀਤ ਸਿੰਘ ਪਿਛਲੇ ਕੁਝ ਸਮੇਂ ਤੋਂ ਕੈਨੇਡਾ ਦੇ ਟਰਾਂਟੋ ਸ਼ਹਿਰ ਵਿਖੇ ਟਰੱਕ ਦੀ ਡਰਾਈਵਰੀ ਕਰਦਾ ਸੀ। ਡਰਾਈਵਰੀ ਕਰਦੇ ਸਮੇਂ ਬਰੈਂਪਟਨ ਨਜ਼ਦੀਕ ਦੋ ਟਰੱਕਾਂ ਦੀ ਆਹਮੋ-ਸਾਹਮਣੀ ਹੋਈ ਜ਼ਬਰਦਸਤ ਟੱਕਰ ਵਿੱਚ ਸੰਗਮਪ੍ਰੀਤ ਸਿੰਘ ਦੀ ਮੌਤ ਹੋ ਗਈ।